a2zpapers.com

Sr. No. 869

Exam Code: 112101

Subject Code: 9071

**B. Design (Multimedia) - Ist Sem. (Old Syllabus of 2016)**

**(2118)**

**Paper: Paper-VII (i)**

**Punjabi Compulsory**

**Time allowed: 3 hrs.** **Max. Marks: 50**

1. **ਭਰੂਣ ਹੱਤਿਆ ਦੇ ਦੇਸ਼ ਵਿਚ** ਲੇਖ ਦਾ ਵਿਸ਼ਾ ਵਸਤੂ ਸਪਸ਼ਟ ਕਰੋ। ਜਾਂ
**ਏਡਜ਼: ਇਕ ਗੰਭੀਰ ਸੰਕਟ** ਲੇਖ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 10

2. **ਅੰਨ ਦਾਤਾ** ਕਵਿਤਾ ਦਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। ਜਾਂ
**ਸਭ ਤੋਂ ਖ਼ਤਰਨਾਕ** ਕਵਿਤਾ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ। 10

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਤੇ ਪੈਰ੍ਹਾ ਰਚਨਾ ਲਿਖੋ।
(ੳ) ਬੇਰੁਜ਼ਗਾਰੀ (ਅ) ਸੋਸ਼ਲ ਮੀਡੀਆ ਦੇ ਲਾਭ ਅਤੇ ਹਾਨੀਆਂ (ੲ) ਵਿਦਿਆਰਥੀ ਅਤੇ ਫੈਸ਼ਨ 5

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।

ਜੀਵਨ-ਦਾਨ ਸੱਭ ਤੋਂ ਵੱਡਾ ਦਾਨ ਹੈ। ਬਿਮਾਰੀ, ਦੁਰਘਟਨਾ ਆਦਿ ਵਿਚ ਮਰੀਜ਼ ਨੂੰ ਕਿਸੇ ਦੂਜੇ ਮਨੁੱਖ ਦੇ ਖ਼ੂਨ ਦੀ ਲੋੜ ਪੈ ਸਕਦੀ ਹੈ। ਲੋੜੀਂਦਾ ਖ਼ੂਨ ਸਮੇਂ ਸਿਰ ਨਾ ਮਿਲੇ ਤਾਂ ਜੀਵਨ ਜੋਤ ਬੁਝ ਸਕਦੀ ਹੈ। ਇਸ ਤੋਂ ਉਲਟ ਸਮੇਂ ਸਿਰ ਖ਼ੂਨ ਮਿਲੇ ਤਾਂ ਮਰੀਜ਼ ਨੂੰ ਇਕ ਤਰ੍ਹਾਂ ਮੁੜ ਜੀਵਨ ਮਿਲ ਜਾਂਦਾ ਹੈ। ਇਸ ਲੇਖੇ ਹਰ ਖ਼ੂਨ-ਦਾਨੀ ਜੀਵਨ-ਦਾਨੀ ਹੀ ਤਾਂ ਹੁੰਦਾ ਹੈ। ਖ਼ੂਨ-ਦਾਨ ਕਰਨ ਵਾਲਾ ਸਮਾਜ ਦੇ ਸੱਚੇ ਸਨਮਾਨ ਤੇ ਸ਼ਲਾਘਾ ਦਾ ਪਾਤਰ ਹੁੰਦਾ ਹੈ। ਉਹ ਜੀਵਨ ਨੂੰ ਸਹੀ ਅਰਥਾਂ ਵਿਚ ਪਿਆਰ ਕਰਦਾ ਹੈ। ਉਸ ਦੇ ਇਸ ਨੇਕ ਕਾਰਜ ਸਦਕਾ ਕੇਵਲ ਉਸ ਵਿਅਕਤੀ ਦੀ ਹੀ ਨਹੀਂ ਸਗੋਂ ਸਮੁੱਚੇ ਪਰਿਵਾਰ ਦਾ ਬਚਾਉ ਹੋ ਜਾਂਦਾ ਹੈ। ਕਿੰਨੇ ਪਰਿਵਾਰ ਮੁੜ ਖਿੜ ਉਠਦੇ ਹਨ, ਕਿੰਨੀਆਂ ਜ਼ੁੰਮੇਵਾਰੀਆਂ ਦੇ ਅਧੂਰੇ ਰਹਿ ਜਾਣ ਦਾ ਖ਼ਤਰਾ ਟਲ ਜਾਂਦਾ ਹੈ। ਇਸ ਤਰ੍ਹਾਂ ਖ਼ੂਨ-ਦਾਨ ਪਰਉਪਕਾਰ ਹੈ, ਰੱਬੀ ਕਾਰਜ ਹੈ। ਇੱਕ ਹਨ ਜੋ ਬਦੀ ਦੇ ਪੁਤਲੇ ਬਣ ਕੇ ਬੇਕਸੂਰਾਂ ਦਾ ਖ਼ੂਨ ਵਹਾਉਣ ਤੋਂ ਨਹੀਂ ਝਿਜਕਦੇ। ਇੱਕ ਇਹ ਵੀ ਹਨ ਜਿਹੜੇ ਆਪਣੇ ਖ਼ੂਨ ਜ਼ਿੰਦਗੀ ਦੀ ਵਾੜੀ ਨੂੰ ਸਿੰਜਦੇ ਹਨ। ਭਾਈ ਘਨਈਆ, ਭਗਤ ਪੂਰਨ ਸਿੰਘ ਦੀ ਸੇਵਾ-ਭਾਵਨਾ ਅਤੇ ਮਦਰ ਟੈਰੇਸਾ ਦੀ ਤਿਆਗ ਤੇ ਕੁਰਬਾਨੀ ਦੀ ਭਾਵਨਾ ਇਸ ਜੀਵਨ ਨੂੰ ਜਿਉਂਦਾ ਰੱਖਣ ਦੀ ਭਾਵਨਾ ਹੈ।

1 ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।
2 ਪਰਉਪਕਾਰ ਦੀ ਸੱਭ ਤੋਂ ਵੱਡੀ ਨਿਸ਼ਾਨੀ ਕੀ ਹੈ?
3 ਸਾਡੀ ਜ਼ਿੰਦਗੀ ਦੇ ਮਹਾਨ ਆਦਰਸ਼ ਕਿਹੜੇ ਸ਼ਖਸ ਹੋ ਸਕਦੇ ਹਨ?
4 ਪੈਰੇ ਵਿਚੋਂ ਦੋ ਨਾਂਵ ਚੁਣੋ।
5 ਲਕੀਰੇ ਸਬਦਾਂ ਦੇ ਅਰਥ ਲਿਖੋ। 5

5. ਟਕਸਾਲੀ ਭਾਸ਼ਾ ਤੋਂ ਕੀ ਭਾਵ ਹੈ? ਇਸ ਦੇ ਮਹੱਤਵ ਉਤੇ ਚਾਨਣਾ ਪਾਓ। ਜਾਂ
ਪੰਜਾਬੀ ਦੀਆ ਵਿਅੰਜਨ ਧੁਨੀਆਂ 'ਤੇ ਨੋਟ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਲਿਖੋ-

ੳ) ਭਾਸ਼ਾ ਅਤੇ ਮਾਤ ਭਾਸ਼ਾ ਵਿਚ ਅੰਤਰ ਸਪਸ਼ਟ ਕਰੋ।
ਅ) ਮਾਤ ਭਾਸ਼ਾ ਦੇ ਅਧਿਆਪਨ ਲਈ ਕਿਹੜੀਆਂ ਵਿਧੀਆਂ ਲਾਹੇਵੰਦ ਸਿੱਧ ਹੋ ਸਕਦੀਆਂ ਹਨ?
(ੲ) ਪਹਿਲੀ ਭਾਸ਼ਾ ਦੇ ਤੌਰ ਉਤੇ ਮਾਤ ਭਾਸ਼ਾ ਦੇ ਅਧਿਆਪਨ ਸੰਬੰਧੀ ਪੇਸ਼ ਆਉਂਦੀਆਂ ਸਮੱਸਿਆਵਾਂ ਉਤੇ ਨੋਟ ਲਿਖੋ।
(ਸ) ਦੂਜੀ ਭਾਸ਼ਾ ਦੇ ਤੌਰ ਉਤੇ ਮਾਤ ਭਾਸ਼ਾ ਦੇ ਅਧਿਆਪਨ ਸੰਬੰਧੀ ਜਾਣਕਾਰੀ ਦਿਓ। 5X2=10

*********



www.a2zpapers.com
www.a2zpapers.com
Download free old Question papers gndu, ptu hp board, punjab board